ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜ੍ਹਕਾਂ -1 ਸ਼ਾਖਾ)

**ਅਧਿਸੂਚਨਾਂ**

ਨੰ: PWD-BR105/8/2022-4BR1/ 300 ਮਿਤੀ ਚੰਡੀਗੜ੍ਹ:- 31/03/2022

ਪੰਜਾਬ ਸਿਵਲ ਸੇਵਾਵਾਂ, ਜਿਲਦ-1 ਦੇ ਨਿਯਮ 3.26 (ਏ) ਅਤੇ (ਬੀ) ਵਿੱਚ ਵਿੱਤ ਵਿਭਾਗ ਵੱਲੋ ਨੋਟੀਫਿਕੇਸ਼ਨ ਮਿਤੀ 02.03.2020 ਰਾਂਹੀ ਕੀਤੀ ਗਈ ਸੋਧ ਦੇ ਸਨਮੁੱਖ ਹੇਠ ਦਰਸਾਏ ਉਪ ਮੰਡਲ ਇੰਜੀਨੀਅਰਾਂ (ਸਿਵਲ) ਨੂੰ ਮਿਤੀ 31.03.2022 ਨੂੰ (ਬਾ:ਦੁ) ਤੋਂ ਸੇਵਾ ਨਿਵਰਿਤ ਕੀਤਾ ਜਾਂਦਾ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਮ ਸਰਵ ਸ੍ਰੀ | ਪਿਤਾ ਦਾ ਨਾਮ ਸਰਵ ਸ੍ਰੀ | ਵਿਸੇਸ਼ ਕਥਨ |
|---|---|---|---|
| 1. | ਸ੍ਰੀ ਗਿਆਨ ਚੰਦ, ਉਪ ਮੰਡਲ ਇੰਜੀਨੀਅਰ | ਸ੍ਰੀ ਪ੍ਰਕਾਸ਼ | 58 ਸਾਲ ਦੀ ਸੇਵਾ ਪੂਰੀ ਕਰਨ ਉਪਰੰਤ |
| 2. | ਸ੍ਰੀ ਨਲਿਨ ਸ਼ਰਮਾ, ਉਪ ਮੰਡਲ ਇੰਜੀਨੀਅਰ | ਸ੍ਰੀ ਗਿਰਧਾਰੀ ਲਾਲ | 58 ਸਾਲ ਦੀ ਸੇਵਾ ਪੂਰੀ ਕਰਨ ਉਪਰੰਤ |
| 3 | ਸ੍ਰੀ ਚੰਦਰ ਪ੍ਰਕਾਸ਼, ਉਪ ਮੰਡਲ ਇੰਜੀਨੀਅਰ | ਸ੍ਰੀ ਰਾਮ ਰੱਖਾ | 58 ਸਾਲ ਦੀ ਸੇਵਾ ਪੂਰੀ ਕਰਨ ਉਪਰੰਤ |

2. ਜੇਕਰ ਉਕਤ ਅਧਿਕਾਰੀਆਂ ਵਿਰੁੱਧ ਕੋਈ ਵਿਭਾਗੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਸਬੰਧਤ ਅਧਿਕਾਰੀਆਂ ਵਿਰੁੱਧ ਕਾਰਵਾਈ ਜਾਰੀ ਰੱਖਣ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਅਧਿਕਾਰੀਆਂ ਵਿਰੁੱਧ ਸਰਕਾਰ ਦਾ ਕੋਈ ਬਕਾਇਆ ਆਦਿ ਲੰਬਿਤ ਹੋਵੇ ਤਾਂ ਉਸਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

ਵਿਕਾਸ ਪ੍ਰਤਾਪ, ਆਈ.ਏ.ਐਸ<br>ਪ੍ਰਮੁੱਖ ਸਕੱਤਰ , ਪੰਜਾਬ ਸਰਕਾਰ<br>ਲੋਕ ਨਿਰਮਾਣ ਵਿਭਾਗ (ਭ ਤੇ ਮ)

ਮਿਤੀ ਚੰਡੀਗੜ੍ਹ<br>31,ਮਾਰਚ 2022

ਨੰ:: PWD-BR105/8/2022-4BR1/ 300(1) ਮਿਤੀ ਚੰਡੀਗੜ੍ਹ:- 31/03/2022

ਇਸ ਦਾ ਇੱਕ ਉਤਾਰਾ ਕੰਟਰੋਲਰ ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਦੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾਂ ਆਉਣ ਵਾਲੇ ਅਗਲੇਰੇ ਪੰਜਾਬ ਸਰਕਾਰ ਦੇ ਆਮ ਗਜ਼ਟ ਵਿੱਚ ਛਾਪਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਇਸ ਦੀਆਂ 25 ਕਾਪੀਆਂ ਰਿਕਾਰਡ ਹਿੱਤ ਭੇਜੀਆਂ ਜਾਣ।

ਸੁਪਰਡੰਟ

ਨੰ: ਨੰ: PWD-BR105/8/2022-4BR1 301-305 ਮਿਤੀ ਚੰਡੀਗੜ੍ਹ:- 31/03/2022

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਪਟਿਆਲਾ ਨੂੰ ਉਹਨਾਂ ਦੇ ਪੱਤਰ ਨੰ: 917/ਅ-1,ਮਿਤੀ 09.02.2022 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਡਿਪਟੀ ਡਾਇਰੈਕਟਰ ਪੀ.ਆਰ.ਬੀ.ਡੀ.ਬੀ ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ) ਮੋਹਾਲੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।
3. ਸ੍ਰੀ ਗਿਆਨ ਚੰਦ , ਉਪ ਮੰਡਲ ਇੰਜੀਨੀਅਰ (ਮਾਰਫਤ ਮੁੱਖ ਇੰਜੀਨੀਅਰ (ਹੈ:ਕ) ਪਟਿਆਲਾ)।
4. ਸ੍ਰੀ ਨਲਿਨ ਸ਼ਰਮਾ , ਉਪ ਮੰਡਲ ਇੰਜੀਨੀਅਰ (ਮਾਰਫਤ ਮੁੱਖ ਇੰਜੀਨੀਅਰ (ਹੈ:ਕ) ਪਟਿਆਲਾ)।
5. ਸ੍ਰੀ ਚੰਦਰ ਪ੍ਰਕਾਸ਼, ਉਪ ਮੰਡਲ ਇੰਜੀਨੀਅਰ (ਮਾਰਫਤ ਮੁੱਖ ਇੰਜੀਨੀਅਰ (ਹੈ:ਕ) ਪਟਿਆਲਾ)।

ਸੁਪਰਡੰਟ

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

ਅਧਿਸੂਚਨਾਂ

ਨੰ:05/11/2022-2ਇਸ1/ 293 ਮਿਤੀ: 31/03/2022

ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1 ਭਾਗ-1 ਦੇ ਨਿਯਮ 3.26(ਏ) ਅਤੇ (ਬੀ) ਵਿੱਚ ਵਿੱਤ ਵਿਭਾਗ ਵਲੋਂ ਨੋਟੀਫਿਕੇਸ਼ਨ ਮਿਤੀ 02.03.2020 ਰਾਹੀਂ ਕੀਤੀ ਗਈ ਸੋਧ ਦੇ ਸਨਮੁੱਖ ਹੇਠ ਦਰਸਾਏ ਕਾਰਜਕਾਰੀ ਇੰਜ਼ੀਨੀਅਰਾਂ ਨੂੰ 58 ਸਾਲ ਦੀ ਉਮਰ ਪੂਰੀ ਕਰਨ ਤੇ ਮਿਤੀ 31.03.2022 ਤੋਂ ਸੇਵਾ ਨਿਵਰਿਤ ਕੀਤਾ ਜਾਂਦਾ ਹੈ:-

| ਲੜੀ ਨੰ: | ਕਾਰਜਕਾਰੀ ਇੰਜ਼ੀਨੀਅਰ ਦਾ ਨਾਮ | ਮੌਜੂਦਾ ਪੋਸਟਿੰਗ | ਵਿਸ਼ੇਸ਼ ਕਥਨ |
|---|---|---|---|
| 1. | ਸੰਜੇ ਗਰੋਵਰ | ਪੀ.ਆਰ.ਬੀ.ਡੀ.ਬੀ ਮੋਹਾਲੀ | 58 ਸਾਲ ਦੀ ਉਮਰ ਪੂਰੀ ਕਰਨ ਤੇ |
| 2. | ਕਰਮਜੀਤ ਸਿੰਘ ਭਲੂਰੀਆ | ਪ੍ਰਾਂਤਕ ਮੰਡਲ, ਫਰੀਦਕੋਟ | 58 ਸਾਲ ਦੀ ਉਮਰ ਪੂਰੀ ਕਰਨ ਤੇ |

2. ਜੇਕਰ ਉਪਰੋਕਤ ਅਧਿਕਾਰੀਆਂ ਵਿਰੁਧ ਕੋਈ ਵਿਭਾਗੀ/ਚੌਕਸੀ ਪੜ੍ਹਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਸਬੰਧਤ ਅਧਿਕਾਰੀਆਂ ਵਿਰੁਧ ਕਾਰਵਾਈ ਜਾਰੀ ਰੱਖਣ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਇਹਨਾਂ ਅਧਿਕਾਰੀਆਂ ਵਿਰੁਧ ਸਰਕਾਰ ਦਾ ਕੋਈ ਬਕਾਇਆ ਆਦਿ ਲੰਬਿਤ ਹੋਵੇ ਤਾਂ ਉਸਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

**ਮਿਤੀ, ਚੰਡੀਗੜ੍ਹ:**
**31 ਮਾਰਚ, 2022**

**ਵਿਕਾਸ ਪ੍ਰਤਾਪ, ਆਈ.ਏ.ਐਸ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ**

ਇਸਦਾ ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾਂ ਆਉਣ ਵਾਲੇ ਅਗਲੇਰੇ ਪੰਜਾਬ ਸਰਕਾਰ ਦੇ ਆਮ ਗਜਟ ਵਿੱਚ ਪ੍ਰਕਾਸ਼ਤ ਕਰਨ ਦੀ ਕਿਰਪਾਤਲਾ ਕੀਤੀ ਜਾਵੇ ਅਤੇ ਇਸ ਦੀਆਂ 25 ਕਾਪੀਆਂ ਰਿਕਾਰਡ ਹਿੱਤ ਭੇਜੀਆਂ ਜਾਣ।

ਸੁਪਰਡੰਟ

ਪਿ.ਅੰ.ਨੰ:05/11/2022-2ਇਸ1/ 294-298 ਮਿਤੀ: 31/03/22

ਇੱਕ ਉਤਾਰਾ ਹੇਠ ਦਰਸਾਇਆਂ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ;
2. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ;
3. ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭਤੇਮ ਸ਼ਾਖਾ), ਪਟਿਆਲਾ ਨੂੰ ਉਹਨਾਂ ਦੇ ਪੱਤਰ ਨੰ: 1446/ਅ-1 ਮਿਤੀ 14.03.2022 ਦੇ ਹਵਾਲੇ ਵਿੱਚ;
4. ਸਬੰਧਤ ਅਧਿਕਾਰੀ (ਮਾਰਫਤ: ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭਤੇਮ ਸ਼ਾਖਾ), ਪਟਿਆਲਾ;
5. ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ (ਪੀ.ਆਰ.ਬੀ.ਡੀ.ਬੀ), ਮੋਹਾਲੀ;

ਸੁਪਰਡੰਟ

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜ੍ਹਕਾਂ -1 ਸ਼ਾਖਾ)

ਦਫਤਰੀ ਹੁਕਮ

ਪ੍ਰਬੰਧਕੀ ਕਾਰਨਾਂ ਕਰਕੇ ਸ੍ਰੀ ਨਿਰਮਲ ਸਿੰਘ, ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ:1 ਅੰਮ੍ਰਿਤਸਰ ਨੂੰ ਆਪਣੇ ਕੰਮ ਦੇ ਨਾਲ ਨਾਲ ਪੱਤਰ ਨੰ: 02/97/2021-ਏਸ1(2)/299728, ਮਿਤੀ:31-12-2021 ਰਾਂਹੀ ਉਸਾਰੀ ਉਪ ਮੰਡਲ ਨੰ:2 ਲੋਕ ਨਿਰਮਾਣ ਵਿਭਗਾ ( ਭ ਤੇ ਮ ਸਾਖਾ) ਬਟਾਲਾ ਦਾ ਦਿੱਤਾ ਵਾਧੂ ਚਾਰਜ ਤੁਰੰਤ ਪ੍ਰਭਾਵ ਤੋਂ ਵਾਪਿਸ ਲਿਆ ਜਾਂਦਾ ਹੈ ਅਤੇ ਸ੍ਰੀ ਅਮਰਜੀਤ ਸਿੰਘ , ਉਪ ਮੰਡਲ ਇੰਜੀਨੀਅਰ, ਕਲਾਨੌਰ ਐਟ ਕਾਹਨੂੰਵਾਨ ਨੂੰ ਆਪਣੇ ਕੰਮ ਦੇ ਨਾਲ ਨਾਲ ਉਸਾਰੀ ਉਪ ਮੰਡਲ ਨੰ:2,ਲੋਕ ਨਿਰਮਾਣ ਵਿਭਾਗ ( ਭ ਤੇ ਮ ਸ਼ਾਖਾ) ਬਟਾਲਾ ਦਾ ਵਾਧੂ ਚਾਰਜ ਸੋਪਿਆ ਜਾਂਦਾ ਹੈ।

2. ਉਕਤ ਅਧਿਕਾਰੀ ਨੂੰ ਦਿੱਤੇ ਗਏ ਵਾਧੂ ਚਾਰਜ ਦਾ ਕੋਈ ਵੀ ਵਿੱਤੀ ਲਾਭ ਆਦਿ ਨਹੀਂ ਦਿੱਤਾ ਜਾਵੇਗਾ।

3. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਵਿਕਾਸ ਪ੍ਰਤਾਪ, ਆਈ.ਏ.ਐਸ

ਪ੍ਰਮੁੱਖ ਸਕੱਤਰ , ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ (ਭ ਤੇ ਮ)

ਮਿਤੀ ਚੰਡੀਗੜ੍ਹ

31,ਮਾਰਚ 2022

ਪਿੰ:ਅੰ ਨੰ : 2/2/2021-1ਏਸ1/287-290 ਮਿਤੀ ਚੰਡੀਗੜ੍ਹ:-31-3-22

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ, (ਹੈਡ ਕੁਆਟਰ ) ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ ਪਟਿਆਲਾ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜੇ ਜਾਂਦੇ ਹਨ।
2. ਮੁੱਖ ਇੰਜੀਨੀਅਰ (ਸੈਂਟਰਲ) ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ ਪਟਿਆਲਾ।
3. ਡਿਪਟੀ ਡਾਇਰੈਕਟਰ ਪੀ.ਆਰ.ਬੀ.ਡੀ.ਬੀ ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ) ਮੋਹਾਲੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।
4. ਸਬੰਧਤ, ਉਪ ਮੰਡਲ ਇੰਜੀਨੀਅਰ, (ਮਾਰਫਤ ਮੁੱਖ ਇੰਜੀਨੀਅਰ (ਹੈ:ਕ) ਪਟਿਆਲਾ)।

ਸੁਪਰਡੰਟ

ਅੰਦਰੂਨੀ ਵੰਡ:-

1.ਨਿੱਜੀ ਸਕੱਤਰ /ਲੋਕ ਨਿਰਮਾਣ ਮੰਤਰੀ ਜੀ

2.ਨਿੱਜੀ ਸਕੱਤਰ/ ਪ੍ਰਮੁੱਖ ਸਕੱਤਰ, ਲੋਕ ਨਿਰਮਾਣ

3.ਨਿੱਜੀ ਸਹਾਇਕ/ਸੰਯੁਕਤ ਸਕੱਤਰ

4.ਸ.ਸ.ਸ/ਉਪ ਸਕੱਤਰ

317399
16.3.22

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜ੍ਹਕਾਂ - 1 ਸ਼ਾਖਾ)

## ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਜਿਵੇਂ ਕਿ ਰੂਰਲ ਹਾਊਸਿਜ਼ ਕਲੋਨੀ ਐਟ ਵਿਲੇਜ਼ ਖੇਮਾ ਖੇੜਾ (ਮੁਕਤਸਰ) ਦੇ ਕੰਮ ਵਿਚ ਕੀਤੀਆਂ ਵਿੱਤੀ ਬੇਨਿਯਮੀਆਂ ਅਤੇ ਸਰਕਾਰ ਨੂੰ 09,28,206/- ਰੁਪਏ ਦਾ ਵਿੱਤੀ ਨੁਕਸਾਨ ਕਰਨ ਦੇ ਦੋਸ਼ ਅਧੀਨ ਸਰਕਾਰ ਵਲੋਂ ਪੱਤਰ ਨੰ: 10/128/2013-ਇਸ1(1)/93469/I-VI ਮਿਤੀ 09.09.2013 ਰਾਹੀਂ ਜੂਨੀਅਰ ਇੰਜੀਨੀਅਰ ਹਰਨਾਮ ਸਿੰਘ ਵਿਰੁਧ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਰੂਲਜ਼ 1970 ਦੀ ਧਾਰਾ 8 ਅਤੇ 12 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ। ਕਰਮਚਾਰੀ ਵਲੋਂ ਪੱਤਰ ਮਿਤੀ 28.12.2013 ਰਾਹੀਂ ਪ੍ਰਾਪਤ ਜਵਾਬ ਤਸੱਲੀਬਖਸ਼ ਨਾ ਹੋਣ ਕਾਰਨ ਸਰਕਾਰ ਵਲੋਂ ਇਸ ਮਾਮਲੇ ਵਿਚ ਪੜਤਾਲ ਕਰਵਾਉਣ ਲਈ ਪੱਤਰ ਮਿਤੀ 15.04.2015 ਰਾਹੀਂ ਸ੍ਰੀ ਬੀ.ਆਰ ਬਾਂਸਲ, ਐਡੀਸ਼ੀਨਲ ਡਿਸਟ੍ਰਿਕਟ ਅਤੇ ਸ਼ੈਸ਼ਨ ਜੱਜ ਰਿਟਾਇਰ ਨੂੰ ਪੜਤਾਲੀਆ ਅਫਸਰ ਅਤੇ ਕਾਰਜਕਾਰੀ ਇੰਜੀਨੀਅਰ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), ਸ੍ਰੀ ਮੁਕਤਸਰ ਸਾਹਿਬ ਨੂੰ ਪੇਸ਼ ਕਰਤਾ ਅਫਸਰ ਨਿਯੁਕਤ ਕੀਤਾ ਗਿਆ ਸੀ।

2. ਜਿਵੇਂ ਕਿ ਪੜਤਾਲੀਆ ਅਫਸਰ ਵਲੋਂ ਪੱਤਰ ਮਿਤੀ 01.08.2016 ਰਾਹੀਂ ਸਰਕਾਰ ਨੂੰ ਪੜਤਾਲ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿੱਚ ਇਸ ਕਰਮਚਾਰੀ ਵਿਰੁੱਧ ਦੋਸ਼ ਸਿੱਧ ਕੀਤੇ ਹਨ। ਸਰਕਾਰ ਨੂੰ ਪੜਤਾਲ ਰਿਪੋਰਟ ਦੀ ਕਾਪੀ ਦੋਸ਼ੀ ਅਧਿਕਾਰੀਆਂ/ ਕਰਮਚਾਰੀਆਂ ਨੂੰ ਭੇਜ ਕੇ ਇਸ ਸਬੰਧੀ ਸਪਸ਼ਟੀਕਰਨ ਮੰਗਿਆ ਗਿਆ, ਜਿਸ ਵਿਚ ਉਨ੍ਹਾਂ ਵਲੋਂ ਆਪਣੀ ਸਥਿਤੀ ਸਪਸ਼ਟ ਕਰਨ ਲਈ ਨਿੱਜੀ ਸੁਣਵਾਈ ਦੇਣ ਦੀ ਬੇਨਤੀ ਕੀਤੀ। ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ/ ਦੋਸ਼ੀ ਕਰਮਚਾਰੀ ਵਿਰੁੱਧ ਬੇਨਤੀ ਦੇ ਸਨਮੁੱਖ ਪ੍ਰਬੰਧਕੀ ਸਕੱਤਰ ਵਲੋਂ ਮਿਤੀ 28.06.2018 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਕੇਸ ਦੇ ਸਮੂਹ ਤੱਥਾਂ ਅਤੇ ਨਿੱਜੀ ਸੁਣਵਾਈ ਦੌਰਾਨ ਕਰਮਚਾਰੀ ਵਲੋਂ ਦਿੱਤੀਆਂ ਗਈਆਂ ਦਲੀਲਾਂ ਨੂੰ ਵਿਚਾਰਨ ਉਪਰੰਤ ਸਮਰੱਥ ਅਥਾਰਟੀ ਵਲੋਂ ਇਸ ਦੋਸ਼ ਸੂਚੀ ਦਾ ਫੈਸਲਾ ਕਰਦੇ ਹੋਏ ਪੱਤਰ ਨੰ: 10/128/2013-ਇਸ1(1)/1083339/1-4 ਮਿਤੀ 12.10.2017 ਰਾਹੀਂ ਸ੍ਰੀ ਹਰਨਾਮ ਸਿੰਘ ਜੇ.ਈ ਨੂੰ ਦੋ ਸਲਾਨਾ ਤਰੱਕੀਆਂ ਭਵਿੱਖੀ ਅਸਰ ਤਹਿਤ ਬੰਦ ਕਰਨ ਦੀ ਸਜਾ ਦਿੱਤੀ ਗਈ ਸੀ।

4. ਸਰਕਾਰ ਵਲੋਂ ਜਾਰੀ ਇਨ੍ਹਾਂ ਹੁਕਮਾਂ ਨੰ: 10/128/2013-ਇਸ1(1)/1083339/1-4 ਮਿਤੀ 12.10.2017 ਵਿਚ ਤਰੁੱਟੀਆਂ ਰਹਿ ਜਾਣ ਕਰਕੇ ਪੱਤਰ ਨੰ: 10/128/2013-ਇਸ1(1)/1194210/1-4 ਮਿਤੀ 22.03.2018 ਰਾਹੀਂ ਸਜਾ ਦੇ ਇਨ੍ਹਾਂ ਹੁਕਮਾਂ ਨੂੰ ਵਾਪਸ ਲੈ ਲਿਆ ਗਿਆ ਸੀ ਅਤੇ ਸ੍ਰੀ ਹਰਨਾਮ ਸਿੰਘ, ਜੂਨੀਅਰ ਇੰਜੀਨੀਅਰ (ਰਿਟਾ) ਨੂੰ ਸਜਾ ਦੇਣ ਤੋਂ ਪਹਿਲਾਂ ਪੱਤਰ ਮਿਤੀ 10/128/2013-ਇਸ1(1)/1194189/1 ਮਿਤੀ 22.03.2018 ਰਾਹੀਂ 15 ਦਿਨਾਂ ਦੇ ਅੰਦਰ-ਅੰਦਰ ਸਪਸ਼ਟੀਕਰਨ ਭੇਜਣ ਲਈ ਲਿਖਿਆ ਗਿਆ ਸੀ। ਇਸ ਉਪਰੰਤ ਪੱਤਰ ਮਿਤੀ 16.04.2018 ਰਾਹੀਂ ਕਰਮਚਾਰੀ ਦਾ ਜਵਾਬ ਪ੍ਰਾਪਤ ਹੋਇਆ। ਇਸ ਜਵਾਬ ਨੂੰ ਵਿਚਾਰਨ ਉਪਰੰਤ ਪੱਤਰ ਪ੍ਰਮੁੱਖ ਸਕੱਤਰ, ਲੋਕ

ਨਿਰਮਾਣ ਜੀ ਵਲੋਂ ਮਿਤੀ 28.02.2022 ਨੂੰ ਕਰਮਚਾਰੀ ਨੂੰ ਵੀਡਿਓ ਕਾਨਫਰੰਸ ਰਾਹੀਂ ਨਿੱਜੀ ਤੌਰ ਤੇ ਸੁਣਿਆ ਗਿਆ।

5. ਕਰਮਚਾਰੀ ਵਲੋਂ ਪ੍ਰਾਪਤ ਜਵਾਬ ਅਤੇ ਵੀਡੀਓ ਕਾਨਫਰੰਸ ਵਿਚ ਪੇਸ਼ ਕੀਤੀਆਂ ਦਲੀਲਾਂ ਤਸੱਲੀਬਖਸ਼ ਨਾ ਪਾਏ ਜਾਣ ਤੇ ਖੇਮਾ ਖੇੜਾ ਵਿਚ ਬਣ ਰਹੀਂ ਕਲੋਨੀ ਵਿਚ 9,28,206/- ਰੁਪਏ ਦਾ ਵਿੱਤੀ ਨੁਕਸਾਨ ਪਹੁੰਚਾਉਣ ਕਾਰਨ ਸ੍ਰੀ ਹਰਨਾਮ ਸਿੰਘ, ਜੂਨੀਅਰ ਇੰਜੀਨੀਅਰ (ਰਿਟਾ.) ਦੀ ਪੈਨਸ਼ਨ ਵਿਚ 2% ਕੱਟ 05 ਸਾਲਾਂ ਲਈ ਲਗਾਉਣ ਦੀ ਸਜਾ ਅਤੇ 4,64,103/- ਰੁਪਏ ਦੀ ਰਿਕਵਰੀ ਦਾ ਫੈਸਲਾ ਲਿਆ ਜਾਂਦਾ ਹੈ।

6. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ**
**07.03.2022**

**ਵਿਕਾਸ ਪ੍ਰਤਾਪ, ਆਈ.ਏ.ਐਸ.**
**ਪ੍ਰਮੁੱਖ ਸਕੱਤਰ, ਲੋਕ ਨਿਰਮਾਣ (ਭ ਤੇ ਮ)**

**ਪਿ.ਅੰ.ਨੰ: 10/128/2013-ਇਸ1(1)/**207-210 **ਮਿਤੀ, ਚੰਡੀਗੜ:** 10/3/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ, ਹੈਡਕੁਆਰਟਰ, ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ: 261/ਪੜਤਾਲ ਮਿਤੀ 15.02.2022 ਦੇ ਹਵਾਲੇ ਵਿਚ,
2. ਮੁੱਖ ਇੰਜੀਨੀਅਰ, ਕੁਆਲਟੀ ਕੰਟਰੋਲ-ਕਮ-ਮੁੱਖ ਚੌਕਸੀ ਅਫਸਰ, ਮੋਹਾਲੀ,
3. ਮੁੱਖ ਇੰਜੀਨੀਅਰ, ਪੀ.ਆਰ.ਬੀ.ਡੀ.ਬੀ. ਮੋਹਾਲੀ,
4. ਸਬੰਧਤ ਅਧਿਕਾਰੀ।

**ਅਧੀਨ ਸਕੱਤਰ, ਲੋਕ ਨਿਰਮਾਣ**

317449
16.3.22

FP
16/3/2022

DDC(IT)
16/3/22
Sys Analyst

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

## ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 18.09.2020 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵਲੋਂ ਕੀਤੀਆਂ ਗਈਆਂ ਸਿਫਾਰਿਸ਼ਾਂ ਦੇ ਸਨਮੁੱਖ ਸ੍ਰੀ ਗੁਰਦੇਵ ਸਿੰਘ ਪੁੱਤਰ ਸ੍ਰੀ ਸੰਤੋਖ ਸਿੰਘ, ਸਹਾਇਕ ਇੰਜ਼ੀਨੀਅਰ (ਅ.ਜ਼), ਸੀਨੀਆਰਤਾ ਨੰ: 118 ਨੂੰ ਸ੍ਰੀ ਪ੍ਰੇਮ ਸਿੰਘ ਮਾਨ, ਉਪ ਮੰਡਲ ਇੰਜ਼ੀਨੀਅਰ ਦੀ ਰਿਟਾਇਰਮੈਂਟ ਕਾਰਨ ਖਾਲੀ ਹੋਈ ਅਸਾਮੀ ਵਿਰੁਧ ਸੀਨੀਆਰਤਾ-ਕਮ-ਮੈਰਿਟ ਦੇ ਅਧਾਰ ਤੇ ਬਤੌਰ ਉਪ ਮੰਡਲ ਇੰਜ਼ੀਨੀਅਰ (ਸਿਵਲ) ਤਨਖਾਹ ਸਕੇਲ 15600-39100+5400/- ਰੁਪਏ ਗਰੇਡ ਪੇਅ ਵਿੱਚ ਪਦਉਨਤ ਕੀਤਾ ਜਾਂਦਾ ਹੈ।

2. ਇਹ ਪਦਉਨਤੀ ਹੇਠ ਲਿਖੀਆਂ ਸ਼ਰਤਾਂ ਤੇ ਅਧਾਰਤ ਹੋਵੇਗੀ:-

I. ਇਹ ਪਦਉਨਤੀ ਇੱਕ ਸਾਲ ਦੇ ਸਮੇਂ ਲਈ ਪਰਖਕਾਲ ਤੇ ਹੋਵੇਗੀ।

II. ਇਹ ਪਦਉਨਤੀ ਕਾਰਜਭਾਰ ਸੰਭਾਲਣ ਦੀ ਮਿਤੀ ਤੋਂ ਲਾਗੂ ਹੋਵੇਗੀ।

III. ਜੇਕਰ ਇਹ ਅਧਿਕਾਰੀ ਪਦਉਨਤੀ ਲੈਣ ਤੋਂ ਇੰਨਕਾਰ ਕਰਦਾ ਹੈ ਤਾਂ ਉਸਨੂੰ ਆਮ ਅਤੇ ਸਾਂਝੀਆਂ ਸੇਵਾ ਸ਼ਰਤਾ ਨਿਯਮ 1994 ਦੇ ਰੂਲ 18(2) ਅਧੀਨ 2 ਸਾਲ ਲਈ ਡੀਬਾਰ ਕੀਤਾ ਜਾਵੇਗਾ।

IV. ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਅਧਾਰ ਤੇ ਕੋਈ ਨਵੇਂ ਤੱਥ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਇਹ ਪਦਉਨਤੀ ਨੂੰ ਮੁੜ ਵਿਚਾਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ ਅਤੇ ਬਿਨ੍ਹਾਂ ਕਿਸੇ ਨੋਟਿਸ ਤੋਂ ਸਬੰਧਤ ਅਧਿਕਾਰੀ ਨੂੰ ਹੇਠਲੀ ਅਸਾਮੀ ਤੇ ਰਿਵਰ੍ਟ ਕਰ ਦਿੱਤਾ ਜਾਵੇਗਾ।

3. ਜੇਕਰ ਇਸ ਕਾਡਰ ਦਾ ਡੈਪੂਟੇਸ਼ਨ ਤੇ ਗਿਆ ਕੋਈ ਅਧਿਕਾਰੀ ਵਾਪਸ ਆਉਂਦਾ ਹੈ ਜਾਂ ਕਿਸੇ ਵੀ ਹੋਰ ਕਾਰਨ ਕਰਕੇ ਅਸਾਮੀਆਂ ਖਾਲੀ ਨਾ ਹੋਣ ਦੀ ਸੂਰਤ ਵਿੱਚ ਸਭ ਤੋਂ ਜੂਨੀਅਰ ਅਧਿਕਾਰੀ ਨੂੰ ਪਿਛਲੀ ਅਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

4. ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਅਧਿਕਾਰੀ ਆਪਣੀ ਹਾਜਰੀ ਰਿਪੋਰਟ ਸਰਕਾਰ ਨੂੰ ਪੇਸ਼ ਕਰੇਗਾ।

5. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ**
**09.03.2022**

**ਵਿਕਾਸ ਪ੍ਰਤਾਪ, ਆਈ.ਏ.ਐਸ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭਤੇਮ ਸ਼ਾਖਾ)**

ਪਿੱਠ.ਅੰ.ਨੰ: 01/18/2020-ਏਸ1(4)/ 179/1-5    ਮਿਤੀ, ਚੰਡੀਗੜ੍ਹ: 09/03/2022

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

I. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

II. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।

III. ਮੁੱਖ ਇੰਜਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), ਪਟਿਆਲਾ।

IV. ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਐਸ.ਸੀ.ਓ ਨੰ: 61-32, ਫੇਜ-2, ਐਸ.ਏ.ਐਸ ਨਗਰ ਮੋਹਾਲੀ ਨੂੰ ਵਿਭਾਗ ਦੀ ਵੈਬ-ਸਾਈਟ ਤੇ ਅਪ-ਲੋਡ ਕਰਨ ਹਿੱਤ।

V. ਸਬੰਧਤ ਅਧਿਕਾਰੀ ਮਾਰਫਤ; ਮੁੱਖ ਇੰਜ਼ਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭਤੇਮ ਸ਼ਾਖਾ), ਪਟਿਆਲਾ।

ਅਧੀਨ ਸਕੱਤਰ, ਲੋਕ ਨਿਰਮਾਣ

<u>ਅੰਦਰੂਨੀ ਵੰਡ</u>:-

1. ਸਕੱਤਰ/ਲੋ.ਨਿ.ਮੰ. ਜੀ।
2. ਨਿਜੀ ਸਕੱਤਰ/ਪ੍ਰਮੁੱਖ ਸਕੱਤਰ, ਲੋਕ ਨਿਰਮਾਣ ਵਿਭਾਗ, ਪੰਜਾਬ।
3. ਨਿੱਜੀ ਸਹਾਇਕ/ਵਿਸ਼ੇਸ਼ ਸਕੱਤਰ, ਲੋਕ ਨਿਰਮਾਣ ਵਿਭਾਗ, ਪੰਜਾਬ।
4. ਨਿੱਜੀ ਸਹਾਇਕ/ਅਧੀਨ ਸਕੱਤਰ, ਲੋਕ ਨਿਰਮਾਣ ਵਿਭਾਗ, ਪੰਜਾਬ।
5. ਸਟੈਨੋ, ਇਮਾਰਤਾਂ ਅਤੇ ਸੜਕਾਂ-1 ਅਤੇ 3 ਸ਼ਾਖਾ;

317443
16.3.22

FP
16/3/2022

DD(IT)
16/3/22
Sys Analyst

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

## ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 10.12.2021 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵਲੋਂ ਕੀਤੀਆਂ ਗਈਆਂ ਸਿਫਾਰਿਸ਼ਾਂ ਦੇ ਸਨਮੁੱਖ ਸ੍ਰੀ ਰੁਪਿੰਦਰ ਪਾਲ ਸਿੰਘ ਪੁੱਤਰ ਸ੍ਰੀ ਨਛੱਤਰ ਸਿੰਘ (ਅ.ਜ), ਕਾਰਜਕਾਰੀ ਇੰਜ਼ੀਨੀਅਰ (ਸਿਵਲ), ਸੀਨੀਆਰਤਾ ਨੰ: 34 ਨੂੰ ਅ.ਜਾਤੀ ਲਈ ਰਾਖਵੀਂ ਅਸਾਮੀ ਵਿਰੁਧ ਬਤੌਰ ਨਿਗਰਾਨ ਇੰਜ਼ੀਨੀਅਰ (ਸਿਵਲ) ਤਨਖਾਹ ਸਕੇਲ 37400-67000+8700/- (ਅਣ-ਰੀਵਾਈਜਡ) ਰੁਪਏ ਗਰੇਡ ਪੇਅ ਵਿੱਚ ਪਦਉਨਤ ਕੀਤਾ ਜਾਂਦਾ ਹੈ।

2. ਇਹ ਪਦਉਨਤੀ ਹੇਠ ਲਿਖੀਆਂ ਸ਼ਰਤਾਂ ਤੇ ਅਧਾਰਿਤ ਹੋਵੇਗੀ:-

I. ਇਹ ਪਦਉਨਤੀ ਇੱਕ ਸਾਲ ਦੇ ਪਰਖਕਾਲ ਤੇ ਹੋਵੇਗੀ।

II. ਇਹ ਪਦਉਨਤੀ ਮਾਨਯੋਗ ਸੁਪਰੀਮ ਕੋਰਟ ਵਿੱਚ 85ਵੀਂ ਸੰਵਿਧਾਨਿਕ ਸੋਧ ਦੇ ਸਬੰਧ ਵਿੱਚ ਲੰਬਿਤ ਰਿੱਟ ਪਟੀਸ਼ਨਾਂ ਦੇ ਅੰਤਿਮ ਫੈਸਲੇ ਦੀ ਸ਼ਰਤ ਤੇ ਮੁੜ ਵਿਚਾਰਨ ਯੋਗ ਹੋਵੇਗੀ।

III. ਜੇਕਰ ਅਧਿਕਾਰੀ ਪਦਉਨਤੀ ਲੈਣ ਤੋਂ ਇੰਨਕਾਰ ਕਰਦਾ ਹੈ ਤਾਂ ਉਸਨੂੰ ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ ਨਿਯਮ 1994 ਦੇ ਰੂਲ 18(2) ਅਧੀਨ 2 ਸਾਲ ਲਈ ਡੀਬਾਰ ਕੀਤਾ ਜਾਵੇਗਾ।

IV. ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਅਧਾਰ ਤੇ ਕੋਈ ਨਵੇਂ ਤੱਥ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਕਤ ਪਦਉਨਤੀ ਨੂੰ ਮੁੜ ਵਿਚਾਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ ਅਤੇ ਬਿਨ੍ਹਾਂ ਕਿਸੇ ਨੋਟਿਸ ਤੋਂ ਸਬੰਧਤ ਅਧਿਕਾਰੀ ਨੂੰ ਹੇਠਲੀ ਅਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

3. ਜੇਕਰ ਇਸ ਕਾਡਰ ਦਾ ਡੈਪੂਟੇਸ਼ਨ ਤੇ ਗਿਆ ਕੋਈ ਅਧਿਕਾਰੀ ਵਾਪਸ ਆਉਂਦਾ ਹੈ ਜਾਂ ਕਿਸੇ ਵੀ ਹੋਰ ਕਾਰਨ ਕਰਕੇ ਅਸਾਮੀਆਂ ਖਾਲੀ ਨਾ ਹੋਣ ਦੀ ਸੂਰਤ ਵਿੱਚ ਸਭ ਤੋਂ ਜੂਨੀਅਰ ਅਧਿਕਾਰੀ ਨੂੰ ਪਿਛਲੀ ਅਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

4. ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਅਧਿਕਾਰੀ ਆਪਣੀ ਹਾਜਰੀ ਰਿਪੋਰਟ ਸਰਕਾਰ ਨੂੰ ਪੇਸ਼ ਕਰੇਗਾ।

5. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ**
**09.03.2022**

**ਵਿਕਾਸ ਪ੍ਰਤਾਪ, ਆਈ.ਏ.ਐਸ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭਤੇਮ)**

ਪਿੱਠ.ਅੰ:ਨੰ: 1/43/2021-ਇਸ1(1)/180/1-5 ਮਿਤੀ, ਚੰਡੀਗੜ੍ਹ: 09/03/2022

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

I. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
II. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
III. ਮੁੱਖ ਇੰਜਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), ਪਟਿਆਲਾ।
IV. ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਐਸ.ਸੀ.ਓ ਨੰ: 61-32, ਫੇਜ-2, ਐਸ.ਏ.ਐਸ ਨਗਰ ਮੋਹਾਲੀ ਨੂੰ ਵਿਭਾਗ ਦੀ ਵੈਬ-ਸਾਈਟ ਤੇ ਅਪ-ਲੋਡ ਕਰਨ ਹਿੱਤ।
V. ਸਬੰਧਤ ਅਧਿਕਾਰੀ ਮਾਰਫਤ; ਮੁੱਖ ਇੰਜ਼ਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭਤੇਮ ਸ਼ਾਖਾ), ਪਟਿਆਲਾ।

ਅਧੀਨ ਸਕੱਤਰ, ਲੋਕ ਨਿਰਮਾਣ

<u>ਅੰਦਰੂਨੀ ਵੰਡ</u>:-

1. ਸਕੱਤਰ/ਲੋ.ਨਿ.ਮੰ. ਜੀ।
2. ਨਿਜੀ ਸਕੱਤਰ/ਪ੍ਰਮੁੱਖ ਸਕੱਤਰ, ਲੋਕ ਨਿਰਮਾਣ ਵਿਭਾਗ, ਪੰਜਾਬ।
3. ਨਿੱਜੀ ਸਹਾਇਕ/ਵਧੀਕ ਸਕੱਤਰ, ਲੋਕ ਨਿਰਮਾਣ ਵਿਭਾਗ, ਪੰਜਾਬ।
4. ਨਿੱਜੀ ਸਹਾਇਕ/ਅਧੀਨ ਸਕੱਤਰ, ਲੋਕ ਨਿਰਮਾਣ ਵਿਭਾਗ, ਪੰਜਾਬ।
5. ਸਟੈਨੋ, ਇਮਾਰਤਾਂ ਅਤੇ ਸੜਕਾਂ-1 ਅਤੇ 3 ਸ਼ਾਖਾ;

File No. PWD-BR1010/66/2021-3BR1/328770 ਮਿਤੀ:- 09/3/2022

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜਕਾਂ-1 ਸ਼ਾਖਾ)

<u>ਮੂੰਹ ਬੋਲਦੇ ਹੁਕਮ</u>

ਜਿਵੇਂ ਕਿ **S/R of L/R Harike Kalan to Assabutter from MC Barriwala Group No.-2.** ਅਧੀਨ ਕੀਤੇ ਕੰਮ ਦੀ ਮੁੱਖ ਇੰਜੀਨੀਅਰ, ਕੁਆਲਿਟੀ ਕੰਟਰੋਲ ਵੱਲੋ ਮਿਤੀ:01-04-2021 ਨੂੰ ਕੀਤੀ ਗਈ ਚੈਕਿੰਗ ਰਿਪੋਰਟ ਆਪਣੇ ਪੱਤਰ ਮਿਤੀ:06-04-2021 ਰਾਹੀ ਭੇਜਦੇ ਹੋਏ ਲਿਖਿਆ ਗਿਆ ਸੀ ਇਹ ਕੰਮ ਸਰਕਾਰ ਦੀਆਂ ਹਦਾਇਤਾਂ ਮਿਤੀ: 10.08.2016 ਅਧੀਨ Major category ਵਿੱਚ ਆਉਂਦਾ ਹੈ, ਇਸ ਲਈ ਹੇਠਾਂ ਦਰਜ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਵੱਲੋ ਇਹ ਕੰਮ ਕਰਵਾਇਆ ਗਿਆ ਸੀ, ਉਨ੍ਹਾਂ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾਂ ਅਤੇ ਅਪੀਲ) ਰੂਲਜ਼ 1970 ਦੇ ਨਿਯਮ 10 ਤਹਿਤ ਕਾਰਨ ਦੱਸੋ ਨੋਟਿਸ ਮਿਤੀ 10.06.2021 ਜਾਰੀ ਕੀਤੇ ਗਏ ਸੀ:-

1. ਸ਼੍ਰੀ ਕੁਲਬੀਰ ਸਿੰਘ ਸੰਧੂ, ਕਾਰਜਕਾਰੀ ਇੰਜੀਨੀਅਰ
2. ਸ਼੍ਰੀ ਨੀਸ਼ੂ ਬਾਂਸਲ, ਉਪ ਮੰਡਲ ਇੰਜੀਨੀਅਰ
3. ਸ਼੍ਰੀ ਵਿਨੈ ਕੁਮਾਰ, ਜੂਨੀਅਰ ਇੰਜੀਨੀਅਰ (ਸਾਈਟ)

2. ਅਤੇ ਜਿਵੇ ਕਿ ਉਕਤ ਅਧਿਕਾਰੀਆਂ/ਕਰਮਚਾਰੀਆਂ ਵੱਲੋ ਕਾਰਨ ਦੱਸੋ ਨੋਟਿਸ ਸਬੰਧੀ ਦਿੱਤੇ ਗਏ ਜਵਾਬ ਤੇ ਉਨ੍ਹਾਂ ਨੂੰ ਮਿਤੀ: 24-02-2022 ਨੂੰ ਸਬੰਧਤ ਮੁੱਖ ਇੰਜੀਨੀਅਰਾਂ ਦੀ ਮੌਜੂਦਗੀ ਵਿੱਚ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਨਿੱਜੀ ਸੁਣਵਾਈ ਦੌਰਾਨ ਇਸ ਸਬੰਧੀ ਸ਼੍ਰੀ ਕੁਲਬੀਰ ਸਿੰਘ ਸੰਧੂ, ਕਾਰਜਕਾਰੀ ਇੰਜੀਨੀਅਰ ਵੱਲੋ ਦੱਸਿਆ ਇਹ ਕੰਮ ਮਾਰਚ ਮਹੀਨੇ ਵਿੱਚ ਸ਼ੁਰੂ ਕੀਤਾ ਗਿਆ ਸੀ ਜਿਸ ਦੌਰਾਨ ਕਰੋਨਾ ਮਹਾਮਾਰੀ ਦੇ ਚੱਲਦਿਆ ਲੇਬਰ ਬਿਮਾਰ ਹੋ ਗਈ ਸੀ ਜਿਸ ਕਾਰਨ ਸੀਲਕੋਟ ਸਹੀ ਤਰੀਕੇ ਨਾਲ ਨਹੀ ਲੱਗ ਸਕਿਆ। ਮੁੱਖ ਇੰਜੀਨੀਅਰ(ਕੁਆਲਿਟੀ ਕੰਟਰੋਲ) ਵੱਲੋ ਦੱਸਿਆ ਗਿਆ ਕਿ ਕੁਆਲਿਟੀ ਕੰਟਰੋਲ ਦੀ ਚੈਕਿੰਗ ਦੌਰਾਨ ਇਸ ਮਾਮਲੇ ਵਿੱਚ 4.84% ਘੱਟ ਪਾਈ ਲੁੱਕ ਦੀ ਮਾਤਰਾ ਕਾਰਨ ਹੋਏ ਨੁਕਸਾਨ ਦੀ ਬਣਦੀ 1.5 ਗੁਣਾ ਰਿਕਵਰੀ ਕੀਤੀ ਜਾ ਚੁੱਕੀ ਹੈ। ਕੇਸ ਦੇ ਸਮੁੱਚੇ ਤੱਥਾਂ ਅਤੇ ਹਲਾਤਾਂ ਨੂੰ ਵਾਚਨ ਅਤੇ ਘੋਖਣ ਉਪਰੰਤ ਅਤੇ ਮੁੱਖ ਇੰਜੀਨੀਅਰ (ਕੁਆਲਿਟੀ ਕੰਟਰੋਲ) ਵੱਲੋ ਕੀਤੀ ਸਿਫਾਰਿਸ਼ ਨੂੰ ਮੁੱਖ ਰੱਖਦੇ ਹੋਏ ਇਸ ਮਾਮਲੇ ਵਿੱਚ ਸ਼੍ਰੀ ਕੁਲਬੀਰ ਸਿੰਘ ਸੰਧੂ,ਕਾਰਜਾਰਕੀ ਇੰਜੀਨੀਅਰ, ਸ਼੍ਰੀ ਨੀਸ਼ੂ ਬਾਂਸਲ,ਉਪ ਮੰਡਲ ਇੰਜੀਨੀਅਰ ਅਤੇ ਸ਼੍ਰੀ ਵਿਨੈ ਕੁਮਾਰ,ਜੂਨੀਅਰ ਇੰਜੀਨੀਅਰ ਦੇ ਵਿਰੁੱਧ ਜਾਰੀ ਕਾਰਨ ਦੱਸੋ ਨੋਟਿਸ ਦਾਖਲ ਕੀਤੇ ਜਾਂਦੇ ਹਨ।

3. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਮਿਤੀ.ਚੰਡੀਗੜ੍ਹ

**07.03.2022**

ਵਿਕਾਸ ਪ੍ਰਤਾਪ,ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ (ਭ ਤੇ ਮ)

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ(ਕੁਆਲਿਟੀ ਕੰਟਰੋਲ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ),ਮੋਹਾਲੀ।
2. ਮੁੱਖ ਇੰਜੀਨੀਅਰ(ਪੱਛਮ) ਪੰਜਾਬ, ਲੋਕ ਨਿਰਮਾਣ ਵਿਭਾਗ(ਭ ਤੇ ਮ), ਪਟਿਆਲਾ।
3. ਮੁੱਖ ਇੰਜੀਨੀਅਰ (ਪੀ.ਆਰ.ਬੀ.ਡੀ.ਬੀ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ),ਮੋਹਾਲੀ।
4. ਸਬੰਧਤ ਅਧਿਕਾਰੀ/ਕਰਮਚਾਰੀ

ਅਧੀਨ ਸਕੱਤਰ ਲੋਕ ਨਿਰਮਾਣ

File No. PWD-BR/010/90/2021-3BR1/328711 ਮਿਤੀ:- 09/3/2022

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜਕਾਂ-1 ਸ਼ਾਖਾ)

**ਮੂੰਹ ਬੋਲਦੇ ਹੁਕਮ**

ਜਿਵੇਂ ਕਿ **Repair of Kalanour-Qila lal Singh Road in Distt. Gurdaspur** ਅਧੀਨ ਕੀਤੇ ਕੰਮ ਦੀ ਮੁੱਖ ਇੰਜੀਨੀਅਰ, ਕੁਆਲਿਟੀ ਕੰਟਰੋਲ ਵੱਲੋਂ ਮਿਤੀ:28-04-2021 ਨੂੰ ਕੀਤੀ ਗਈ ਚੈਕਿੰਗ ਰਿਪੋਰਟ ਆਪਣੇ ਪੱਤਰ ਮਿਤੀ:19-05-2021 ਰਾਹੀ ਭੇਜਦੇ ਹੋਏ ਲਿਖਿਆ ਗਿਆ ਸੀ ਇਹ ਕੰਮ ਸਰਕਾਰ ਦੀਆਂ ਹਦਾਇਤਾਂ ਮਿਤੀ: 10.08.2016 ਅਧੀਨ Major category ਵਿੱਚ ਆਉਂਦਾ ਹੈ, ਇਸ ਲਈ ਹੇਠਾਂ ਦਰਜ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਵੱਲੋ ਇਹ ਕੰਮ ਕਰਵਾਇਆ ਗਿਆ ਸੀ, ਉਨ੍ਹਾਂ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾਂ ਅਤੇ ਅਪੀਲ) ਰੂਲਜ਼ 1970 ਦੇ ਨਿਯਮ 10 ਤਹਿਤ ਕਾਰਨ ਦੱਸੋ ਨੋਟਿਸ ਮਿਤੀ 16.06.2021 ਜਾਰੀ ਕੀਤੇ ਗਏ ਸੀ:-

1 ਸ੍ਰੀ ਮਨਮੋਹਨ ਸਿੰਘ, ਕਾਰਜਕਾਰੀ ਇੰਜੀਨੀਅਰ

2 ਸ੍ਰੀ ਲਵਜੀਤ ਸਿੰਘ, ਉਪ ਮੰਡਲ ਇੰਜੀਨੀਅਰ

3 ਸ੍ਰੀ ਜਗਦੀਪ ਸਿੰਘ, ਜੂਨੀਅਰ ਇੰਜੀਨੀਅਰ

4 ਸ੍ਰੀ ਰਾਕੇਸ਼ ਕੁਮਾਰ, ਜੂਨੀਅਰ ਇੰਜੀਨੀਅਰ(ਪਲਾਂਟ)

2. ਅਤੇ ਜਿਵੇ ਕਿ ਉਕਤ ਅਧਿਕਾਰੀਆਂ/ਕਰਮਚਾਰੀਆਂ ਵੱਲੋ ਕਾਰਨ ਦੱਸੋ ਨੋਟਿਸ ਸਬੰਧੀ ਦਿੱਤੇ ਗਏ ਜਵਾਬ ਤੇ ਉਨ੍ਹਾਂ ਨੂੰ ਮਿਤੀ: 24-02-2022 ਨੂੰ ਸਬੰਧਤ ਮੁੱਖ ਇੰਜੀਨੀਅਰਾਂ ਦੀ ਮੌਜੂਦਗੀ ਵਿੱਚ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਨਿੱਜੀ ਸੁਣਵਾਈ ਦੌਰਾਨ ਸ੍ਰੀ ਮਨਮੋਹਨ ਸਿੰਘ,ਕਾਰਜਕਾਰੀ ਇੰਜੀਨੀਅਰ ਵੱਲੋ ਦੱਸਿਆ ਗਿਆ ਕਿ ਚੈਕਿੰਗ ਦੌਰਾਨ ਪਾਈ ਗਈ ਡੈਨਸਿਟੀ ਜੋ ਕਿ 92% ਤੋਂ 1.175% ਘੱਟ ਸੀ, ਸਬੰਧੀ ਰਿਕਵਰੀ ਕੀਤੀ ਜਾ ਚੁੱਕੀ ਹੈ ਅਤੇ ਤਰੁੱਟੀਆਂ ਦੂਰ ਕਰਦੇ ਹੋਏ ਐਕਸ਼ਨ ਟੇਕਨ ਰਿਪੋਰਟ ਭੇਜੀ ਜਾ ਚੁੱਕੀ ਹੈ। ਕੇਸ ਦੇ ਸਮੁੱਚੇ ਤੱਥਾਂ ਅਤੇ ਹਲਾਤਾਂ ਨੂੰ ਵਾਚਨ ਅਤੇ ਘੋਖਣ ਉਪਰੰਤ ਇਸ ਮਾਮਲੇ ਵਿੱਚ ਸ੍ਰੀ ਮਨਮੋਹਨ ਸਿੰਘ,ਕਾਰਜਕਾਰੀ ਇੰਜੀਨੀਅਰ, ਸ੍ਰੀ ਲਵਜੀਤ ਸਿੰਘ,ਉਪ ਮੰਡਲ ਇੰਜੀਨੀਅਰ, ਸ੍ਰੀ ਜਗਦੀਪ ਸਿੰਘ,ਜੂਨੀਅਰ ਇੰਜੀਨੀਅਰ ਅਤੇ ਸ੍ਰੀ ਰਾਕੇਸ਼ ਕੁਮਾਰ,ਜੂਨੀਅਰ ਇੰਜੀਨੀਅਰ(ਪਲਾਂਟ) ਦੀ ਇੱਕ-ਇੱਕ ਸਲਾਨਾ ਤਰੱਕੀ ਬਿਨ੍ਹਾਂ ਭਵਿੱਖੀ ਅਸਰ ਦੇ ਬੰਦ ਕਰਨ ਦੀ ਸਜਾ ਦੇਣ ਦਾ ਫੈਸਲਾ ਕੀਤਾ ਜਾਂਦਾ ਹੈ ।

3. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ.ਚੰਡੀਗੜ੍ਹ**
**07.03.2022**

ਵਿਕਾਸ ਪ੍ਰਤਾਪ,ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ (ਭ ਤੇ ਮ)

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ(ਕੁਆਲਿਟੀ ਕੰਟਰੋਲ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ),ਮੋਹਾਲੀ।
2. ਮੁੱਖ ਇੰਜੀਨੀਅਰ(ਸੈਂਟਰਲ) ਪੰਜਾਬ, ਲੋਕ ਨਿਰਮਾਣ ਵਿਭਾਗ(ਭ ਤੇ ਮ), ਪਟਿਆਲਾ।
3. ਮੁੱਖ ਇੰਜੀਨੀਅਰ (ਪੀ.ਆਰ.ਬੀ.ਡੀ.ਬੀ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ),ਮੋਹਾਲੀ।
4. ਸਬੰਧਤ ਅਧਿਕਾਰੀ/ਕਰਮਚਾਰੀ

ਅਧੀਨ ਸਕੱਤਰ ਲੋਕ ਨਿਰਮਾਣ